ਸੰਯੁਕਤ ਰਾਜ ਦਾ ਨਿਆਂ ਵਿਭਾਗ

ਭਾਈਚਾਰੇ ਸੰਬੰਧੀ ਸੇਵਾਵਾਂ (CRS)

# ਪ੍ਰੋਗਰਾਮ ਅਤੇ ਸੇਵਾਵਾਂ

ਸਾਨੂੰ **ਸਾਡੇ ਸਾਰੇ ਲੋਕਾਂ** ਦੀ

ਵਿਵਿਧਤਾ, ਊਰਜਾ, ਰਚਨਾਤਮਕਤਾ ਦੀ ਵਰਤੋਂ ਕੀਤੇ ਬਿਨਾਂ

ਸਾਨੂੰ ਸਮੱਸਿਆਵਾਂ ਦਾ ਹੱਲ ਕਰਨ ਦੀ ਕੋਈ ਉਮੀਦ ਨਹੀਂ ਹੈ।

ਰੌਜ਼ਰ ਵਿਲਕਿਨਜ਼, ਸਾਬਕਾ ਸੀ.ਆਰ.ਐਸ. (CRS) ਡਾਇਰੈਕਟਰ ਅਤੇ ਨਾਗਰਿਕ ਅਧਿਕਾਰਾਂ ਦੇ ਆਗੂ





# ਪ੍ਰੋਗਰਾਮ ਅਤੇ ਸੇਵਾਵਾਂ

ਸੀ.ਆਰ.ਐਸ. (CRS) ਵੱਲੋਂ ਸਹੂਲਤ, ਵਿਚੋਲਗੀ, ਸਿਖਲਾਈ, ਅਤੇ ਸਲਾਹ-ਮਸ਼ਵਰੇ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਕਿ ਭਾਈਚਾਰਿਆਂ ਦੀ ਸਮੱਸਿਆ ਦਾ ਨਿਪਟਾਰਾ ਕਰਨ ਅਤੇ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਯੋਗਤਾ, ਨਸਲ, ਰੰਗ, ਜਾਂ ਰਾਸ਼ਟਰੀ ਮੂਲ ਦੇ ਆਧਾਰ ‘ਤੇ ਹੋਣ ਵਾਲੇ ਵਿਵਾਦ, ਤਣਾਅ, ਅਤੇ ਨਫ਼ਰਤ ਅਪਰਾਧਾਂ ਨੂੰ ਰੋਕਣ ਅਤੇ ਉਹਨਾਂ ਦਾ ਜਵਾਬ ਦੇਣ ਦੀ ਯੋਗਤਾ ਵਿੱਚ ਸੁਧਾਰ ਕਰਦੀਆਂ ਹਨ। ਸੀ.ਆਰ.ਐਸ. (CRS) ਵੱਲੋਂ ਭਾਈਚਾਰੇ ਅਤੇ ਕਨੂੰਨੀ ਅਮਲੀਕਰਨ ਸੰਸਥਾਵਾਂ ਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਪ੍ਰੋਗਰਾਮ ਪ੍ਰਦਾਨ ਕੀਤੇ ਜਾਂਦੇ ਹਨ, ਨਾਲ ਹੀ ਸਕੂਲ-ਆਧਾਰਿਤ ਪ੍ਰੋਗਰਾਮ ਵੀ ਪ੍ਰਦਾਨ ਕੀਤੇ ਜਾਂਦੇ ਹਨ ਜੋ ਕਿ ਵਿਦਿਆਰਥੀ ਆਗੂਆਂ ਵਿਚਕਾਰ ਸਮੱਸਿਆ ਨਿਵਾਰਨ ਨੂੰ ਹੋਰ ਬਿਹਤਰ ਬਣਾਉਂਦੇ ਹਨ। ਸੀ.ਆਰ.ਐਸ. (CRS) ਦੇ ਸਾਰੇ ਪ੍ਰੋਗਰਾਮਾਂ ਦਾ ਟੀਚਾ ਵਿਵਾਦ ਵਿੱਚ ਘਿਰੇ ਹੋਏ ਧਿਰਾਂ ਦੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮਦਦ ਕਰਨਾ, ਸਰੋਤਾਂ ਅਤੇ ਬਿਹਤਰੀਨ ਪ੍ਰਥਾਵਾਂ ਬਾਰੇ ਜਾਣਕਾਰੀ ਸਾਂਝਾ ਕਰਨਾ, ਅਤੇ ਭਾਈਚਾਰਿਆਂ ਦਾ ਹੱਲ ਪਛਾਣਨ ਅਤੇ ਉਹਨਾਂ ਨੂੰ ਲਾਗੂ ਕਰਨ ਵਿੱਚ ਸਮਰਥਨ ਕਰਨਾ ਹੈ। ਜਿੱਥੇ ਕਿ ਸੀ.ਆਰ.ਐਸ. (CRS) ਦੇ ਕੁਝ ਪ੍ਰੋਗਰਾਮ ਇੱਕ ਵਿਸ਼ੇਸ਼ ਦਰਸ਼ਕ ਸਮੂਹ ਲਈ ਬਣਾਏ ਗਏ ਹੋ ਸਕਦੇ ਹਨ, ਉੱਥੇ ਹੀ ਜ਼ਿਆਦਾਤਰ ਪ੍ਰੋਗਰਾਮ ਕਿਸੇ ਸਪਸ਼ਟ ਦਰਸ਼ਕ ਸਮੂਹ ਜਾਂ ਵਿਵਸਥਾ ਦੇ ਅਨੁਕੂਲ ਬਣਾਏ ਜਾ ਸਕਦੇ ਹਨ।



## ਸਿਖਲਾਈ ਪ੍ਰੋਗਰਾਮ

### ਕਨੂੰਨ ਅਮਲੀਕਰਨ ਅਤੇ ਟ੍ਰਾਂਸਜੈਂਡਰ ਭਾਈਚਾਰੇ ਸੰਬੰਧੀ ਸਿਖਲਾਈ

ਇਹ ਪ੍ਰੋਗਰਾਮ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਟ੍ਰਾਂਸਜੈਂਡਰ ਭਾਈਚਾਰੇ ਨਾਲ ਸੰਬੰਧਿਤ ਮਹੱਤਵਪੂਰਨ ਪਰਿਭਾਸ਼ਾਵਾਂ ਅਤੇ ਤਰਜੀਹੀ ਭਾਸ਼ਾਵਾਂ, ਟ੍ਰਾਂਸਜੈਂਡਰ ਵਿਅਕਤੀਆਂ ਦੇ ਵਿਰੁੱਧ ਹੋਣ ਵਾਲੇ ਨਫ਼ਰਤ ਅਪਰਾਧਾਂ ਦੇ ਪ੍ਰਭਾਵ, ਅਤੇ ਟ੍ਰਾਂਸਜੈਂਡਰ ਭਾਈਚਾਰੇ ਤੱਕ ਪਹੁੰਚ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਦਾ ਹੈ।

### ਅਮਰੀਕਨ ਸਿੱਖਾਂ ਅਤੇ ਮੁਸਲਿਮਾਂ ਨਾਲ ਭਾਈਵਾਲੀਆਂ ਬਣਾਉਣਾ ਅਤੇ ਉਹਨਾਂ ਦੀ ਸ਼ਮੂਲੀਅਤ ਵਧਾਉਣਾ

ਇਹਨਾਂ ਦੋ ਪ੍ਰੋਗਰਾਮਾਂ ਦੇ ਟੀਚੇ ਅਮਰੀਕਨ ਸਿੱਖਾਂ ਅਤੇ ਮੁਸਲਿਮਾਂ ਨੂੰ ਪ੍ਰਭਾਵਿਤ ਕਰਦੇ ਨਾਗਰਿਕ ਅਧਿਕਾਰਾਂ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਜਨਤਕ ਜਾਗਰੂਕਤਾ ਨੂੰ ਵਧਾਉਣਾ; ਸਾਰੇ ਭਾਈਚਾਰੇ ਦੇ ਮੈਂਬਰਾਂ ਦੀ ਜਨਤਕ ਸੁਰੱਖਿਆ ਅਤੇ ਉਸ ਸੰਬੰਧੀ ਸੰਚਾਰ ਨੂੰ ਬਿਹਤਰ ਬਣਾਉਣ ਲਈ ਅਮਰੀਕਨ ਸਿੱਖਾਂ ਅਤੇ ਮੁਸਲਿਮਾਂ ਦੇ ਮਤ ਅਤੇ ਧਾਰਮਿਕ ਰੀਤੀ-ਰਿਵਾਜਾਂ ਦੇ ਬਾਰੇ ਸਮਝ ਨੂੰ ਵਧਾਉਣਾ; ਅਤੇ ਅਮਰੀਕੀ ਸਿੱਖ ਅਤੇ ਮੁਸਲਿਮ ਭਾਈਚਾਰੇ ਨਾਲ ਸਹਿਕਾਰਤਾ ਲਈ ਬਿਹਤਰੀਨ ਪ੍ਰਥਾਵਾਂ ਪ੍ਰਦਾਨ ਕਰਨੇ ਹਨ।



## ਸੰਕਟਕਾਲੀਨ ਯੋਜਨਾਬੰਦੀ: ਜਨਤਕ ਪ੍ਰੋਗਰਾਮਾਂ ਦੌਰਾਨ ਜੋਖਮ ਘਟਾਉਣਾ

ਇਹ ਪ੍ਰੋਗਰਾਮ ਇੱਕ ਸੁਰੱਖਿਅਤ ਜਨਤਕ ਪ੍ਰੋਗਰਾਮ ਦੀ ਯੋਜਨਾ ਕਿਵੇਂ ਬਣਾਉਣੀ ਹੈ, ਇਸ ਬਾਰੇ ਭਾਗੀਦਾਰਾਂ ਦਾ ਗਿਆਨ ਵਧਾਉਂਦਾ ਹੈ, ਜਿਵੇਂ ਕਿ ਪ੍ਰਦਰਸ਼ਨ ਜਾਂ ਰੈਲੀਆਂ, ਤਾਂ ਕਿ ਹਿੰਸਾ ਹੋਣ ਦੀ ਸੰਭਾਵਨਾ ਨੂੰ ਘਟਾਇਆ ਜਾ ਸਕੇ। ਇਸਦੇ ਵਿੱਚ ਭਾਗੀਦਾਰਾਂ ਨੂੰ ਇੱਕ ਪ੍ਰੋਗਰਾਮ ਬਾਰੇ ਉਚਿਤ ਯੋਜਨਾ ਬਣਾਉਣਾ ਸ਼ੁਰੂ ਕਰਨ ਅਤੇ ਉਸਨੂੰ ਕਰਨ ਅਤੇ ਉਸ ਪ੍ਰੋਗਰਾਮ ਦੌਰਾਨ ਜਨਤਕ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਆਉਣ ਵਾਲੀਆਂ ਸੰਭਾਵੀ ਸਮੱਸਿਆਵਾਂ ਦਾ ਮੁਲਾਂਕਣ ਕਰਨ ਅਤੇ ਉਹਨਾਂ ਦਾ ਹੱਲ ਕਰਨ ਲਈ ਦਿੱਤਾ ਗਿਆ ਸਮਾਂ ਵੀ ਸ਼ਾਮਿਲ ਹੈ।

## ਪ੍ਰੋਗਰਾਮ ਮਾਰਸ਼ਲ: ਜਨਤਕ ਪ੍ਰੋਗਰਾਮਾਂ ਦੌਰਾਨ ਸੁਰੱਖਿਆ ਦਾ ਸਮਰਥਨ ਕਰਨਾ

ਪ੍ਰੋਗਰਾਮ ਮਾਰਸ਼ਲਾਂ ਨੂੰ ਪ੍ਰੋਗਰਾਮ ਦੇ ਭਾਗੀਦਾਰਾਂ ਦੇ ਸੰਪਰਕ ਕਰਨ ਲਈ ਇੱਕ ਮੁੱਢਲਾ ਬਿੰਦੂ ਬਣ ਕੇ ਇੱਕ ਸੁਰੱਖਿਅਤ ਅਤੇ ਸਫਲ ਪ੍ਰੋਗਰਾਮ ਦਾ ਸਮਰਥਨ ਕਰਨ ਵਾਸਤੇ ਮਨੋਨੀਤ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਦਾ ਟੀਚਾ ਪ੍ਰੋਗਰਾਮ ਮਾਰਸ਼ਲ ਤੋਂ ਲਾਈਆਂ ਉਮੀਦਾਂ, ਅਤੇ ਨਾਲ ਹੀ ਪ੍ਰੋਗਰਾਮ ਦੌਰਾਨ ਜਨਤਕ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਮਾਰਸ਼ਲ ਦੀ ਭੂਮਿਕਾ ਬਾਰੇ ਮਹੱਤਤਾ ਨੂੰ ਸਮਝਾਉਣਾ ਹੈ।



## ਸਮੱਸਿਆ ਨਿਵਾਰਨ ਪ੍ਰੋਗਰਾਮਾਂ ਨੂੰ ਕਰਵਾਉਣ ਵਿੱਚ ਸਹਿਯੋਗ ਕੀਤਾ

### ਪੁਲਿਸ ਅਤੇ ਭਾਈਚਾਰੇ ਦੀ ਭਾਈਵਾਲੀ ਨੂੰ ਮਜ਼ਬੂਤ ਬਣਾਉਣਾ (SPCP)

SPCP ਵੱਲੋਂ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਬਹੁਭਾਂਤੀ ਭਾਈਚਾਰਿਆਂ ਦੇ ਆਗੂਆਂ ਨੂੰ ਇੱਕ ਥਾਂ ‘ਤੇ ਇਕੱਠੇ ਕਰਕੇ ਸਮੱਸਿਆ-ਨਿਵਾਰਨ ਸੰਬੰਧੀ ਵਿਚਾਰ ਵਿਟਾਂਦਰੇ ਕਰਵਾਏ ਜਾਂਦੇ ਹਨ ਜੋ ਕਿ ਭਾਈਵਾਲੀਆਂ ਨੂੰ ਵਿਕਸਿਤ ਕਰਕੇ ਅਤੇ ਭਰੋਸਾ ਵਧਾ ਕੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ‘ਤੇ ਕੇਂਦਰਿਤ ਹੁੰਦੇ ਹਨ। ਇਹ ਪ੍ਰੋਗਰਾਮ ਸਥਾਨਕ ਸਮਰੱਥਾ ਨੂੰ ਵਧਾਉਣ ਅਤੇ ਪੁਲਿਸ-ਭਾਈਚਾਰੇ ਦੇ ਸੰਬੰਧਾਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਨਿਵਾਰਨ ਕਰਨ ਲਈ ਹੱਲ ਵਿਕਸਿਤ ਕਰਨ ਵਾਸਤੇ ਬਣਾਇਆ ਗਿਆ ਹੈ।

### ਜਾਤੀ ਬਾਰੇ ਗੱਲਬਾਤ

ਜਾਤੀ ਬਾਰੇ ਗੱਲਬਾਤ ਪ੍ਰੋਗਰਾਮ ਭਾਈਚਾਰੇ ਤੋਂ ਬਹੁਭਾਂਤੀ ਭਾਗੀਦਾਰਾਂ ਨੂੰ ਇੱਕ ਥਾਂ ‘ਤੇ ਇਕੱਠਾ ਕਰਦਾ ਹੈ ਤਾਂ ਜੋ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ ਜਾ ਸਕੇ, ਨਿੱਜੀ ਕਹਾਣੀਆਂ ਅਤੇ ਅਨੁਭਵਾਂ ਨੂੰ ਸਾਂਝਾ ਕੀਤਾ ਜਾ ਸਕੇ, ਪਰਿਪੇਖਾਂ ਦਾ ਪ੍ਰਗਟਾਵਾ ਕੀਤਾ ਜਾ ਸਕੇ, ਦ੍ਰਿਸ਼ਟੀਕੋਣਾਂ ਨੂੰ ਸਪਸ਼ਟ ਕੀਤਾ ਜਾ ਸਕੇ, ਅਤੇ ਸਮਝ ਨੂੰ ਵਿਕਸਿਤ ਕੀਤਾ ਸਕੇ। ਗੱਲਬਾਤ ਦੀ ਪ੍ਰਕਿਰਿਆ ਰਾਹੀਂ, ਧਿਰਾਂ ਸਮਾਨਤਾਵਾਂ ਅਤੇ ਇਕੱਠੇ ਕੰਮ ਕਰਨ ਦੇ ਤਰੀਕਿਆਂ ਨੂੰ ਪਛਾਣ ਕੇ ਭਾਈਚਾਰੇ ਦੇ ਸੰਬੰਧਾਂ ਨੂੰ ਬਿਹਤਰ ਬਣਾ ਸਕਦੀਆਂ ਹਨ।



### ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ ਗਏ ਸਕੂਲ-ਵਿਦਿਆਰਥੀ ਸੰਬੰਧੀ ਸਮੱਸਿਆ ਪਛਾਣ ਅਤੇ ਸਮਾਧਾਨ (School-SPIRIT) ਪ੍ਰੋਗਰਾਮ

School-SPIRIT ਪ੍ਰੋਗਰਾਮ ਸਕੂਲ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਨੂੰ ਪਛਾਣ ਕੇ ਉਹਨਾਂ ਦੇ ਹੱਲ ਵਿਕਸਿਤ ਕਰਨ ਦੇ ਉਦੇਸ਼ਾਂ ਨਾਲ ਵਿਦਿਆਰਥੀ ਆਗੂਆਂ, ਸਕੂਲ ਪ੍ਰਸ਼ਾਸਕਾਂ, ਅਤੇ ਸਕੂਲ ਦੇ ਹੋਰ ਭਾਈਚਾਰਿਆਂ ਦੇ ਮੈਂਬਰਾਂ ਨੂੰ ਸ਼ਾਮਲ ਕਰਦਾ ਹੈ। ਕਾਲਜ ਜਾਂ ਯੂਨੀਵਰਸਿਟੀ ਵਾਸਤੇ ਇੱਕ ਮਿਲਦਾ-ਜੁਲਦਾ ਪ੍ਰੋਗਰਾਮ ਉਪਲਬਧ ਹੈ, ਜਿਸਨੂੰ ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਇਆ ਕੈਂਪਸ-ਸਾਈਟ ਸਮੱਸਿਆ ਪਛਾਣ ਅਤੇ ਸਮਾਧਾਨ Campus-SPIRIT ਪ੍ਰੋਗਰਾਮ ਕਿਹਾ ਜਾਂਦਾ ਹੈ।

### ਸਮੱਸਿਆਵਾਂ ਨੂੰ ਇਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ ਗਏ ਸ਼ਹਿਰ ਸਾਈਟ ਸਮੱਸਿਆ ਪਛਾਣ ਅਤੇ ਸਮਾਧਾਨ (City-SPIRIT) ਪ੍ਰੋਗਰਾਮ

City-SPIRIT ਪ੍ਰੋਗਰਾਮ ਬਹੁਭਾਂਤੀ ਭਾਈਚਾਰਿਆਂ ਦੇ ਹਿੱਸੇਦਾਰਾਂ ਨੂੰ ਇੱਕ ਥਾਂ ਇੱਕਠਾ ਕਰਦਾ ਹੈ, ਜਿਵੇਂ ਕਿ ਜਨਤਕ ਅਧਿਕਾਰੀ, ਕਨੂੰਨ ਅਮਲੀਕਰਨ ਸੰਸਥਾਵਾਂ, ਧਰਮ-ਆਧਾਰਿਤ ਭਾਈਚਾਰੇ, ਅਤੇ ਭਾਈਚਾਰਿਆਂ ਦੇ ਸਮੂਹ, ਤਾਂ ਜੋ ਉਹਨਾਂ ਦੇ ਭਾਈਚਾਰੇ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਨੂੰ ਪਛਾਣਿਆ ਜਾ ਸਕੇ ਅਤੇ ਹੱਲ ਵਿਕਸਿਤ ਕੀਤੇ ਜਾ ਸਕਣ ਜੋ ਵਿਵਾਦ ਨੂੰ ਘਟਾਉਣ, ਸੰਚਾਰ ਨੂੰ ਬਿਹਤਰ ਬਣਾਉਣ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦ ਦੀ ਸੰਭਾਵਨਾ ਨੂੰ ਘੱਟ ਕਰ ਸਕਣ।



## ਭਾਈਚਾਰੇ ਦੇ ਫੋਰਮ ਜੋ ਨਫ਼ਰਤ ਸੰਬੰਧੀ ਅਪਰਾਧਾਂ ਦਾ ਜਵਾਬ ਦੇਣ ‘ਤੇ ਕੇਂਦਰਿਤ ਹੋਣ

### ਪੱਖਪਾਤੀ ਘਟਨਾਵਾਂ ਅਤੇ ਨਫ਼ਰਤ ਅਪਰਾਧਾਂ ਸੰਬੰਧੀ ਫੋਰਮ

ਸੀ.ਆਰ.ਐਸ. (CRS) ਵੱਲੋਂ ਇਹੋ ਜਿਹੇ ਫੋਰਮ ਚਲਾਉਣ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਜਿੱਥੇ ਸਥਾਨਕ ਅਤੇ ਫੈਡਰਲ ਕਨੂੰਨ ਅਮਲੀਕਰਨ ਅਤੇ ਭਾਈਚਾਰਾ-ਆਧਾਰਿਤ ਸੰਸਥਾਵਾਂ ਨੂੰ ਵਿਚਾਰ-ਵਿਟਾਂਦਰੇ ਲਈ ਇੱਕਠਾ ਕੀਤਾ ਜਾਂਦਾ ਹੈ ਤਾਂ ਜੋ ਪੱਖਪਾਤੀ ਘਟਨਾਵਾਂ ਅਤੇ ਨਫ਼ਰਤ ਸੰਬੰਧੀ ਅਪਰਾਧਾਂ ਨਾਲ ਨਜਿੱਠਣ ਅਤੇ ਉਹਨਾਂ ਦਾ ਜਵਾਬ ਦੇਣ ਲਈ ਤਰੀਕੇ ਸਾਂਝੇ ਕੀਤਾ ਜਾਣ। ਇਹ ਫੋਰਮ ਹਿੱਸੇਦਾਰਾਂ ਵਿਚਕਾਰ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਵਾਉਣ ਅਤੇ ਉਹਨਾਂ ਦਾ ਰਿਸ਼ਤਾ ਹੋਰ ਮਜ਼ਬੂਤ ਕਰਨ ਵਿੱਚ ਸਹਾਈ ਹੁੰਦਾ ਹੈ।

### ਧਰਮ ਸਥਾਨਾਂ ਦੀ ਰੱਖਿਆ ਕਰਨਾ

ਇਹ ਫੋਰਮ ਧਰਮ ਸਥਾਨਾਂ ਨੂੰ ਸੰਭਾਵੀ ਖਤਰਿਆਂ ਤੋਂ ਬਚਾਉਣ ਵਿੱਚ ਭਾਈਚਾਰਿਆਂ ਦੀ ਮਦਦ ਕਰਨ ਲਈ ਬਿਹਤਰੀਨ ਪ੍ਰਥਾਵਾਂ ਦੀ ਪੇਸ਼ਕਸ਼ ਕਰਦਾ ਹੈ। ਸਰਕਾਰੀ ਅਧਿਕਾਰੀ ਸਰੀਰਕ ਸੁਰੱਖਿਆ ਯਕੀਨੀ ਬਣਾਉਣ ਲਈ ਦਿਸ਼ਾ-ਨਿਰਦੇਸ਼ ਅਤੇ ਸੁਰੱਖਿਆ ਯੋਜਨਾਵਾਂ ਵਿਕਸਿਤ ਕਰਨ ਲਈ ਸਰੋਤ ਸਾਂਝੇ ਕਰਦੇ ਹਨ। ਧਰਮ ਸਥਾਨਾਂ ਦੀ ਰੱਖਿਆ ਕਰਨ ਸੰਬੰਧੀ ਫੋਰਮ ਵੱਲੋਂ ਸਥਾਨਕ ਅਤੇ ਫੈਡਰਲ ਕਨੂੰਨ ਅਮਲੀਕਰਨ ਅਧਿਕਾਰੀਆਂ ਅਤੇ ਮਤ-ਆਧਾਰਿਤ ਸੰਸਥਾਵਾਂ ਨੂੰ ਗੱਲਬਾਤ ਲਈ ਇਕੱਠਾ ਕੀਤਾ ਜਾਂਦਾ ਹੈ ਤਾਂ ਜੋ ਨਫ਼ਰਤ ਸੰਬੰਧੀ ਅਪਰਾਧ ਕਨੂੰਨ, ਕਿਰਿਆਸ਼ੀਲ ਸ਼ੂਟਰ, ਅਤੇ ਧਰਮ ਸਥਾਨ ‘ਤੇ ਪਦਾਰਥਕ ਸੁਰੱਖਿਆ ਨਾਲ ਸੰਬੰਧਿਤ ਜਾਣਕਾਰੀ ਅਤੇ ਸਰੋਤ ਪ੍ਰਦਾਨ ਕੀਤੇ ਜਾ ਸਕਣ।



## ਵਧੀਕ ਸੇਵਾਵਾਂ

ਸੂਚੀਬੱਧ ਕੀਤੇ ਪ੍ਰੋਗਰਾਮਾਂ ਤੋਂ ਇਲਾਵਾ, ਸੀ.ਆਰ.ਐਸ. (CRS) ਵੱਲੋਂ ਹੇਠਾਂ ਲਿੱਖੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:

ਭਾਈਚਾਰੇ ਦੇ ਹਿੱਸੇਦਾਰਾਂ ਵਿਚਕਾਰ ਜਾਣਕਾਰੀ ਸਾਂਝਾਕਰਨ ਨੂੰ ਬਿਹਤਰ ਬਣਾਉਣ ਵਾਸਤੇ ਅਤੇ ਸੰਚਾਰ ਦੇ ਵਹਾਅ ਨੂੰ ਖੋਲ੍ਹਣ ਲਈ **ਅਨੁਕੂਲਿਤ ਬਣਾਈਆਂ ਗਈਆਂ ਸਹੂਲਤੀ ਗੱਲਬਾਤਾਂ** ਵਿੱਚ ਸਹਾਇਕ ਹੋਣਾ

ਭਾਈਚਾਰੇ ਦੇ ਹਿੱਸੇਦਾਰਾਂ ਵਿਚਕਾਰ ਢਾਂਚਾਗਤ ਅਤੇ ਰਸਮੀ ਆਮੋ-ਸਾਹਮਣੇ ਵਾਲੀਆਂ ਮੀਟਿੰਗਾ ਦੀ ਵਰਤੋਂ ਕਰਕੇ **ਵਿਵਾਦ ਨਿਪਟਾਉਣ ਲਈ ਵਿਚੋਲਗੀ ਕਰਨਾ**

ਭਾਈਚਾਰਿਆਂ ਨੂੰ ਬਿਹਤਰ ਸੰਚਾਰ, ਭਾਈਵਾਲੀਆਂ, ਝਗੜਾ ਨਿਵਾਰਨ, ਅਤੇ ਇਕੱਠੇ ਮਿਲ ਕੇ ਸਮੱਸਿਆ ਨਿਵਾਰਨ ਦਾ ਇਸਤੇਮਾਲ ਕਰਕੇ ਵਿਵਾਦਾਂ ਦਾ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦੇਣ ਲਈ **ਸਲਾਹ-ਮਸ਼ਵਰੇ ਦੀਆਂ ਸੇਵਾਵਾਂ** ਪ੍ਰਦਾਨ ਕਰਨਾ।

ਸੀ.ਆਰ.ਐਸ. (CRS) ਦੀਆਂ ਸੇਵਾਵਾਂ ਧਿਰਾਂ ਨੂੰ ਸਮੱਸਿਆਵਾਂ ਨੂੰ ਮੁੜ-ਵਿਵਸਥਿਤ ਅਤੇ ਸਪਸ਼ਟ ਕਰਨ, ਸੰਭਾਵੀ ਹੱਲ ਕੈਪਚਰ ਕਰਨ ਵਿੱਚ ਸਹਾਇਤਾ ਕਰਦੀਆਂ ਹਨ, ਅਤੇ ਕਾਰਜ ਯੋਜਨਾ ਨੂੰ ਵਿਕਸਿਤ ਕਰਨ ਦਾ ਸਮਰਥਨ ਕਰਦੀਆਂ ਹਨ, ਅਤੇ ਇਹ ਸਾਰਾ ਕੁਝ ਧਿਰਾਂ ਨੂੰ ਆਪਸੀ-ਸਹਿਮਤੀ ਨਾਲ ਲੱਭੇ ਗਏ ਤਰੀਕਿਆਂ ਨਾਲ ਵਿਵਾਦ ਦਾ ਹੱਲ ਕਰਨ ਲਈ ਅੱਗੇ ਵੱਧਣ ਵਿੱਚ ਮਦਦ ਕਰਦਾ ਹੈ।

## ਸੀ.ਆਰ.ਐਸ. ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤਾ, ਅਤੇ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਸੰਬੰਧੀ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਵਿਸਤਾਰ ਕੀਤਾ, ਸੀ.ਆਰ.ਐਸ. (CRS) ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਮਕਸਦ ਸਥਾਨਕ ਭਾਈਚਾਰਿਆਂ ਨੂੰ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਸਮੱਸਿਆ ਹੱਲ ਕਰਨ ਦੇ ਤਰੀਕੇ, ਵਧੇ ਹੋਏ ਗਿਆਨ, ਅਤੇ ਬਿਹਤਰ ਸੰਚਾਰ ਦੀ ਵਰਤੋ ਕਰਦੇ ਹੋਏ ਰੋਕਣ ਲਈ ਅਤੇ ਉਹਨਾਂ ਦਾ ਹੱਲ ਕਰਨ ਲਈ ਹੋਰ ਸਮਰੱਥ ਬਣਾਉਣਾ ਹੈ।

ਸ਼ਾਂਤੀ ਇੱਕ ਹਜ਼ਾਰ ਮੀਲ ਦਾ ਸਫ਼ਰ ਹੈ ਅਤੇ ਇਹ ਪ੍ਰਾਪਤ ਕਰਨ ਲਈ ਇੱਕ ਸਮੇਂ ਤੇ ਇੱਕ ਕਦਮ ਚੁੱਕਣਾ ਚਾਹੀਦਾ ਹੈ।

ਲਿੰਡਨ ਬੀ. ਜੋਨਸਨ

ਅਸੀਂ ਕਿੱਥੇ ਕੰਮ ਕਰਦੇ ਹਾਂ

**ਸੀ.ਆਰ.ਐਸ. (CRS) ਹੈੱਡਕੁਆਰਟਰ**
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੂਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

**ਵੈਸਟਰਨ**
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ


ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ

ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ




ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ
[www.justice.gov/crs](http://www.justice.gov/crs)

facebook.com/DOJCRS/ | @DOJ_CRS | askcrs@usdoj.gov | 202.305.2935

ਇਨ੍ਹਾਂ ਪ੍ਰੋਗਰਾਮਾਂ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:

https://www.justice.gov/crs/about-crs/regional-and-field-offices

ਸੰਯੁਕਤ ਰਾਜ ਦਾ ਨਿਆਂ ਵਿਭਾਗ

# ਭਾਈਚਾਰੇ ਸੰਬੰਧੀ ਸੇਵਾਵਾਂ ਸੀ.ਆਰ.ਐਸ. (CRS)

ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ


www.justice.gov/crs

@DOJ_CRS

facebook.com/DOJCRS/

askcrs@usdoj.gov

202.305.2935